CALIFORNIA
CalVCB
VICTIM COMPENSATION BOARD



# ਕੀ ਤੁਸੀਂ ਕਿਸੇ ਜੁਰਮ ਦੇ ਸ਼ਿਕਾਰ ਹੋ? ਅਸੀਂ ਮਦਦ ਕਰ ਸਕਦੇ ਹਾਂ

ਜੇ ਤੁਸੀਂ ਜਾਂ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਕਿਸੇ ਜੁਰਮ ਦਾ ਸ਼ਿਕਾਰ ਹੈ, ਕੈਲੀਫ਼ੋਰਨੀਆ ਵਿਕਟਿਮ ਕੰਪਨਸੇਸ਼ਨ ਬੋਰਡ (CalVCB) ਤੁਹਾਡੀ ਮਦਦ ਕਰ ਸਕਦਾ ਹੈ।

---

## CalVCB ਕਿਸ ਤਰ੍ਹਾਂ ਮਦਦ ਕਰ ਸਕਦਾ ਹੈ?

ਕੈਲੀਫ਼ੋਰਨੀਆ ਵਿਕਟਿਮ ਕੰਪਨਸੇਸ਼ਨ ਬੋਰਡ (CalVCB) ਜੁਰਮ ਦੇ ਸ਼ਿਕਾਰ ਲੋਕਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਦਾ ਹੈ। ਜੋ ਪੀੜਤ, ਪਰਿਵਾਰਿਕ ਮੈਂਬਰ, ਅਤੇ ਪਿਆਰੇ, ਜੁਰਮ ਦੇ ਨਤੀਜੇ ਵਜੋਂ ਜ਼ਖ਼ਮੀ ਹੋਏ ਹੋਣ ਜਾਂ ਜਿਨ੍ਹਾਂ ਨੂੰ ਜ਼ਖ਼ਮੀ ਕਰਨ ਦੀ ਧਮਕੀ ਦਿੱਤੀ ਗਈ ਹੋਵੇ, ਉਨ੍ਹਾਂ ਲਈ ਮਦਦ ਉਪਲਬਧ ਹੈ। ਜੇ ਤੁਹਾਨੂੰ ਦਾਅਵਾ ਦਾਖਲ ਕਰਨ ਲਈ ਮਦਦ ਦੀ ਲੋੜ ਹੈ, ਤਾਂ ਆਪਣੇ ਲੋਕਲ ਵਿਕਟਿਮ ਵਿਟਨੈੱਸ ਸੈਂਟਰ ਨਾਲ ਸੰਪਰਕ ਕਰੋ: **victims.ca.gov/victims/localhelp.aspx**

## CalVCB ਹੇਠ ਲਿਖੀਆਂ ਸੇਵਾਵਾਂ ਦੇ ਭੁਗਤਾਨ ਵਿੱਚ ਮਦਦ ਕਰ ਸਕਦਾ ਹੈ:

- ਕਾਊਂਸਲਿੰਗ
- ਮੈਡੀਕਲ ਅਤੇ ਦੰਦਾਂ ਦਾ ਇਲਾਜ ਅਤੇ ਸਮੱਗਰੀ
- ਆਮਦਨ ਦਾ ਨੁਕਸਾਨ
- ਸਸਕਾਰ ਅਤੇ ਦਫ਼ਨਾਉਣ ਦਾ ਖ਼ਰਚ
- ਨਿਵਾਸ ਸਥਾਨ ਦੀ ਸੁਰੱਖਿਆ
- ਡਾਕਟਰੀ ਤੌਰ 'ਤੇ ਵਿਕਲਾਂਗ ਹੋਏ ਲੋਕਾਂ ਲਈ ਘਰ ਜਾਂ ਵਾਹਨ ਦੀ ਸੋਧ
- ਜੁਰਮ ਵਾਲੀ ਜਗ੍ਹਾ ਦੀ ਸਫ਼ਾਈ
- ਪੁਨਰਵਾਸ
- ਸੇਵਾ ਦੇਣ ਵਾਲੇ ਕੁੱਤੇ

## ਹੇਠ ਲਿਖੇ ਜੁਰਮ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ, ਮਦਦ ਦੇ ਦਾਇਰੇ ਵਿੱਚ ਆਉਂਦੇ ਹਨ:

- ਹਮਲਾ
- ਬਾਲ-ਉਤਪੀੜਨ
- ਘਰੇਲੂ ਹਿੰਸਾ
- ਸ਼ਰਾਬ ਪੀ ਕੇ ਗੱਡੀ ਚਲਾਉਣਾ
- ਵੱਡਿਆਂ ਦਾ ਉਤਪੀੜਨ
- ਨਫ਼ਰਤੀ ਹਿੰਸਾ
- ਮਾਰ ਕੇ ਦੌੜਨਾ
- ਕਤਲ
- ਮਾਨਵ ਤਸਕਰੀ
- ਆਨਲਾਈਨ ਪਰੇਸ਼ਾਨ ਕਰਨਾ
- ਡਕੈਤੀ
- ਜਿਨਸੀ ਉਤਪੀੜਨ
- ਪਿੱਛਾ ਕਰਨਾ
- ਵਾਹਨ ਨਾਲ ਲੋਕਾਂ ਦਾ ਕਤਲ

## ਮੈਂ ਮੁਆਵਜ਼ੇ ਲਈ ਕਿਸ ਤਰ੍ਹਾਂ ਅਰਜ਼ੀ ਦੇ ਸਕਦਾ/ਸਕਦੀ ਹਾਂ?

CalVCB ਆਨਲਾਈਨ ਰਾਹੀਂ ਅਰਜ਼ੀ ਦਿਓ:

- ਅਰਜ਼ੀ ਬਣਾਓ
- ਦਸਤਾਵੇਜ਼ ਅਪਲੋਡ ਕਰੋ ਅਤੇ ਵੇਖੋ
- ਆਪਣੀ ਸੰਪਰਕ ਸਬੰਧੀ ਜਾਣਕਾਰੀ ਅੱਪਡੇਟ ਕਰੋ
- CalVCB ਗਾਹਕ ਸੇਵਾ ਨਾਲ ਗੱਲਬਾਤ ਕਰੋ

CalVCB ਆਨਲਾਈਨ, ਜੁਰਮ ਨਾਲ ਜੂਝ ਕੇ ਬਚਣ ਵਾਲਿਆਂ ਅਤੇ ਉਨ੍ਹਾਂ ਦੀ ਮਦਦ ਕਰਨ ਵਾਲਿਆਂ ਨੂੰ ਸਮਾਰਟਫ਼ੋਨ, ਟੈਬਲੇਟ ਜਾਂ ਕੰਪਿਊਟਰ ਰਾਹੀਂ ਮੁਆਵਜ਼ੇ ਲਈ ਅਰਜ਼ੀ ਦੇਣ ਦੀ ਸੁਵਿਧਾ ਪ੍ਰਦਾਨ ਕਰਦਾ ਹੈ।
CalVCB ਆਨਲਾਈਨ, ਅੰਗਰੇਜ਼ੀ ਅਤੇ ਸਪੈਨਿਸ਼ ਭਾਸ਼ਾ ਵਿੱਚ ਉਪਲਬਧ ਹੈ: **online.victims.ca.gov**

CalVCB Online

ਅਰਜ਼ੀ ਦੇਣ ਲਈ
ਸਕੈਨ ਕਰੋ